ਦਫਤਰ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਮਾਹਿਲਪੁਰ 1

ਮੀਮੋ ਨੰ 202396919          ਮਿਤੀ 03.04.2023

ਸੇਵਾ ਵਿਖੇ

ਜ਼ਿਲਾ ਸਿੱਖਿਆ ਅਫਸਰ(ਐ.ਸਿੱ),

ਹੁਸ਼ਿਆਰਪੁਰ।

ਵਿਸ਼ਾ- ਆਰ.ਟੀ.ਈ ਸਬੰਧੀ ਮਾਨਤਾ ਪ੍ਰਾਪਤ ਕਰਨ ਸਬੰਧੀ।

ਸ੍ਰੀ ਮਾਨ ਜੀ,

ਉਪਰੋਕਤ ਵਿਸ਼ੇ ਸਬੰਧੀ ਬਲਾਕ ਮਾਹਿਲਪੁਰ 1 ਅਧੀਨ ਆਉਂਦੇ ਪ੍ਰਾਈਵੇਟ ਸਕੂਲ ਕਿੰਗ ਐਡਵਰਡ ਪਬਲਿਕ ਸਕੂਲ..ਟੂਟੋਸਜ਼ਾਰਾ ਦੀ ਆਰ.ਟੀ.ਈ ਸਬੰਧੀ ਮਾਨਤਾ ਪ੍ਰਾਪਤ ਕਰਨ ਸਬੰਧੀ ਫਾਈਲ ਆਪ ਜੀ ਦੀ ਸੇਵਾ ਵਿੱਚ ਭੇਜੀ ਜਾਂਦੀ ਹੈ।ਕਿਰਪਾ ਕਰਕੇ ਸਕੂਲ ਨੂੰ ਮਾਨਤਾ ਦੇਣ ਦੀ ਕਿਰਪਾਲਤਾ ਦਿੱਤੀ ਜਾਵੇ।

3/4/2023

ਬੀ ਪੀ ਈ ਓ

ਮਾਹਿਲਪੁਰ 1

**FORM – 1**

**SELF DECLARATION CUM APPLICATION**

**FOR GRANT OF RECOGNITION OF SCHOOL**
**See sub rule (1) of rule 11)**

To

The District Education officer

Hohiarpur

Sir,

I forward herewith a self declaration regarding compliance with the norms and standards prescribed in the Schedule, appended of the Right of Children to Free and Compulsory Education Act, 2009 and an application in the prescribed Performa for the grant of recognition to KING EDWARD PUBLIC SCHOOL with effect from the commencement of the school 2003.

Yours faithfully

Enclosure :

Place : Tuto Mazara

Date : 28/02/2023

PRINCIPAL
KING EDWARD PUBLIC SCHO
TUTO MAZARA (Hoshiarpur)

Chairman
King Edward Public School
Tuto Mazara (Hoshiarpur)
Chairman of Managing Committee

2023155150
12.12.2023

154363
8/12/23

I/732376/2023 (i) SED-EDU301/114/2023-3EDU3

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-3 ਸ਼ਾਖਾ)

ਸੇਵਾ ਵਿਖੇ,

1. ਡਾਇਰੈਕਟਰ ਸਕੂਲ ਸਿੱਖਿਆ (ਐ.ਸਿ.), ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.), ਪੰਜਾਬ।

ਮਿਤੀ, ਚੰਡੀਗੜ੍ਹ: 29/11/23

ਵਿਸ਼ਾ: ਆਰ.ਟੀ.ਈ. ਐਕਟ ਅਧੀਨ ਮਾਨਤਾ ਦੇਣ ਸਬੰਧੀ।

ਉਪਰੋਕਤ ਵਿਸ਼ੇ ਤੇ ਸਰਕਾਰ ਦੇ ਹੁਕਮ ਨੰ. SED-EDU301/114/2022-3EDU3/645126 ਮਿਤੀ 19.09.2023 ਦੇ ਹਵਾਲੇ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਜਿਹੜੇ ਪ੍ਰਾਈਵੇਟ ਸਕੂਲਾਂ ਨੂੰ ਆਰ.ਟੀ.ਈ. ਐਕਟ ਅਤੇ ਪੰਜਾਬ ਆਰ.ਟੀ.ਈ. ਰੂਲਜ਼, 2011 ਤਹਿਤ ਆਰਜ਼ੀ ਮਾਨਤਾ ਜਾਰੀ ਕੀਤੀ ਹੋਈ ਹੈ, ਉਸ ਮਾਨਤਾ ਨੂੰ ਪੱਕੀ ਮਾਨਤਾ ਸਮਝਿਆ ਜਾਵੇ।

3. ਇਹ ਵੀ ਲਿਖਿਆ ਜਾਂਦਾ ਹੈ ਕਿ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਜਾਂ ਉੱਪ-ਜਿਲ੍ਹਾ ਸਿੱਖਿਆ ਅਫਸਰ ਪ੍ਰਾਈਵੇਟ ਸਕੂਲਾਂ ਦਾ ਨਿਯਮਤ ਨਿਰੀਖਣ ਸਮੇਂ ਸਿਰ ਕਰਨਗੇ ਅਤੇ ਆਰ.ਟੀ.ਈ. ਐਕਟ ਦੀ ਪਾਲਣਾ ਕਰਨ ਸਬੰਧੀ ਸਰਕਾਰ ਨੂੰ ਰਿਪੋਰਟ ਭੇਜਣੀ ਯਕੀਨੀ ਬਣਾਉਣਗੇ।

27.11.23

ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ

ਪਿੱਠ ਅੰਕਣ ਨੰ. ਡੀ.ਈ.ਓ./ਆਰ.ਟੀ.ਈ./2023325070 ਮਿਤੀ: 08/12/23

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

1. ਬੀ.ਪੀ.ਈ.ਓ. ਜਿਲ੍ਹਾ ਹੁਸ਼ਿਆਰਪੁਰ
2. ਸਮੂਹ ਸਕੂਲ ਮੁੱਖੀ ਪ੍ਰਾਈਵੇਟ ਸਕੂਲ ਜਿਲ੍ਹਾ ਹੁਸ਼ਿਆਰਪੁਰ।

ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਹੁਸ਼ਿਆਰਪੁਰ।

ਨੰਬਰ 2023326557 ਮਿਤੀ 12-12-2023

[illegible] ਸਮੂਹ ਪ੍ਰਾਈਵੇਟ [illegible] ਜ਼ਰੂਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

[illegible]

# ਦਫ਼ਤਰ ਜ਼ਿਲਾ ਸਿੱਖਿਆ ਅਫਸਰ (ਐ.ਸਿ.), ਹੁਸ਼ਿਆਰਪੁਰ

Email – ssahoshiarpur19@gmail.com
ਸੰਪਰਕ ਨੰ. 01882-241350

ਮੀਮੋ ਨੰ:ਸਸਅ/ਆਰ.ਟੀ.ਈ/2020/362 ਮਿਤੀ: 01-06-2020

ਮੈਨੇਜਰ/ਪ੍ਰਿੰਸੀਪਲ
ਕਿੰਗ ਐਡਵਰਡ ਸਕੂਲ ਟੂਟੋਮਜਾਰਾ (ਮਾਹਿਲਪੁਰ)
ਬਲਾਕ ਮਾਹਿਲਪੁਰ-।

**ਵਿਸ਼ਾ:** ਬੱਚਿਆਂ ਦੇ ਮੁਫਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਨਿਯਮਾਂ, 2010 ਦੇ ਨਿਯਮ 15 ਦੇ ਉਪ ਨਿਯਮ(4)ਅਧੀਨ,ਬੱਚਿਆ ਦਾ ਮੁਫਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਐਕਟ,2009 ਦੀ ਧਾਰਾ 18 ਦੇ ਮੰਤਵ ਲਈ ਸਕੂਲ ਦਾ ਮਾਨਤਾ ਪ੍ਰਾਪਤ ਪ੍ਰਮਾਣ ਪੱਤਰ।

ਪਿਆਰੇ ਸ਼੍ਰੀ ਮਾਨ/ਸ਼੍ਰੀ ਮਤੀ ਜੀ

ਆਪਜੀ ਦੀ ਪ੍ਰਤੀ ਬੇਨਤੀ ਸਬੰਧੀ ਕੀਤੇ ਸਕੂਲ ਨਾਲ ਪੱਤਰ ਵਿਹਾਰ /ਪੜਤਾਲ ਦੇ ਹਵਾਲੇ ਵਿੱਚ ਮੈਂ ਕਿੰਗ ਐਡਵਰਡ ਸਕੂਲ ਟੂਟੋਮਜਾਰਾ (ਮਾਹਿਲਪੁਰ) ਬਲਾਕ ਮਾਹਿਲਪੁਰ-। ਯੂ-ਡਾਇਜ਼ ਕੋਡ 3050707503 ਨੂੰ **ਪਹਿਲੀਂ ਤੋਂ ਅਠਵੀਂ** ਜਮਾਤ ਤੱਕ 31 **ਮਾਰਚ,2023** ਦੇ ਸਮੇਂ ਲਈ ਮਾਨਤਾ ਭੇਜਦਾ ਹਾਂ।

ਉਪਰੋਕਤ ਮਾਨਤਾ ਹੇਠ ਦਿੱਤੀਆਂ ਸ਼ਰਤਾਂ ਦੇ ਆਧਾਰ ਤੇ ਹੈ:-

1. ਮਾਨਤਾ ਪ੍ਰਾਪਤ ਦੀ ਪ੍ਰਵਾਨਗੀ ਵਾਧੇ ਯੋਗ ਨਹੀਂ ਹੈ ਅਤੇ ਕਿਸੇ ਵੀ ਹਾਲਤ ਵਿਚ ਇਸ ਦਾ ਮਤਲਬ ਇਹ ਨਹੀਂ ਲਿਆ ਜਾਣਾ ਚਾਹੀਦਾ ਕਿ ਇਹ ਅੱਠਵੀਂ ਜਮਾਤ ਤੋਂ ਅੱਗੇ ਦੀ ਮਾਨਤਾ ਲਈ ਲਾਜ਼ਮੀ ਹੈ।
2. ਸਕੂਲ ਬੱਚਿਆਂ ਦਾ ਮੁਫਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਐਕਟ 2009 ਅਤੇ ਬੱਚਿਆ ਦੇ ਮੁਫਤ ਅਤੇ ਲਾਜਮੀ ਸਿੱਖਿਆ ਦੇ ਅਧਿਕਾਰ ਨਿਯਮਾਂ, 2010 ਦੇ ਉਪਬੰਧਾ ਦੀ ਪਾਲਣਾ ਕਰੇਗਾ ।
ਸਕੂਲ ਪਹਿਲੀ ਜਮਾਤ ਵਿੱਚ ਜਮਾਤ ਦੀ ਕੁੱਲ ਸੰਖਿਆ ਦਾ 25% ਪ੍ਰਤੀਸ਼ਤ, ਕਮਜ਼ੋਰ ਤਬਕੇ ਅਤੇ ਗੈਰ ਸੁਵਿਧਾ ਪ੍ਰਾਪਤ ਸਮੂਹ ਦੇ ਆਸ ਪਾਸ ਦੇ ਬੱਚਿਆਂ ਦਾ ਦਾਖਲਾ ਕਰੇਗਾ ਅਤੇ ਮੁਫ਼ਤ ਅਤੇ ਲਾਜ਼ਮੀ ਮੁੱਢਲੀ ਸਿੱਖਿਆ, ਇਸ ਦੇ ਪੂਰੇ ਹੋਣ ਤੱਕ ਪ੍ਰਦਾਨ ਕਰੇਗਾ।
4. ਸਕੂਲ ਨੂੰ ਪੈਰ੍ਹਾ 3 ਵਿੱਚ ਦਿੱਤੇ ਬੱਚਿਆਂ ਲਈ ਐਕਟ ਦੀ ਧਾਰ੍ਹਾ 12 ਦੀ ਉੱਪ-ਧਾਰ੍ਹਾ (2) ਦੇ ਉਪਬੰਧਾਂ ਅਨੁਸਾਰ ਖਰਚੇ ਦੀ ਪ੍ਰਤੀਪੂਰਤੀ ਕੀਤੀ ਜਾਵੇਗੀ । ਇਹ ਪ੍ਰਤੀ ਪੂਰਤੀ ਲੈਣ ਲਈ ਸਕੂਲ ਨੂੰ ਵੱਖਰਾ ਬੈਂਕ ਖਾਤਾ ਰੱਖਣਾ ਪਵੇਗਾ।
5. ਸੰਸਥਾ/ਸਕੂਲ ਕੋਈ ਕੈਪੀਟੇਸ਼ਨ ਫ਼ੀਸ ਨਹੀਂ ਲਵੇਗਾ ਅਤੇ ਬੱਚੇ ਜਾਂ ਉਸ ਦੇ ਮਾਪਿਆਂ ਜਾਂ ਸਰਪ੍ਰਸਤਾਂ ਦੀ ਚੋਣ ਦੀ ਕੋਈ ਵਿਧੀ ਨਹੀਂ ਅਪਣਾਏਗਾ।
6. ਸਕੂਲ ਕਿਸੇ ਬੱਚੇ ਨੂੰ ਜਨਮ ਦਾ ਸਬੂਤ ਨਾ ਹੋਣ ਕਾਰਨ ਦਾਖਲੇ ਤੋ ਇਨਕਾਰ ਨਹੀਂ ਕਰੇਗਾ ਅਤੇ ਐਕਟ ਦੀ ਧਾਰ੍ਹਾ 15 ਦੇ ਉਪਬੰਧਾਂ ਦੀ ਪਾਲਣਾ ਕਰੇਗਾ । ਸਕੂਲ ਇਹ ਯਕੀਨੀ ਬਣਾਏਗਾ ਕਿ :-
   (1) ਕਿਸੇ ਵੀ ਦਾਖਲ ਕੀਤੇ ਬੱਚੇ ਨੂੰ ਕਲਾਸ ਵਿੱਚ ਵਾਪਿਸ ਨਹੀਂ ਰੱਖਿਆ ਜਾਵੇਗਾ ਜਾਂ ਸਕੂਲ ਵਿੱਚੋਂ ਕੱਢਿਆ ਨਹੀਂ ਜਾਵੇਗਾ ਜਦੋਂ ਤੱਕ ਕਿ ਉਸ ਦੀ ਸਕੂਲ ਵਿੱਚ ਮੁੱਢਲੀ ਸਿੱਖਿਆ ਪੂਰੀ ਨਹੀਂ ਹੋ ਜਾਂਦੀ
   (2) ਕਿਸੇ ਵੀ ਬੱਚੇ ਨੂੰ ਸ਼ਰੀਰਕ ਦੰਡ ਜਾਂ ਮਾਨਸਿਕ ਪ੍ਰੇਸ਼ਾਨੀ ਨਹੀਂ ਕੀਤੀ ਜਾਵੇਗੀ
   (3) ਮੁੱਢਲੀ ਸਿੱਖਿਆ ਪੂਰੀ ਹੋਣ ਤੱਕ ਕਿਸੇ ਵੀ ਬੱਚੇ ਨੂੰ ਕੋਈ ਬੋਰਡ ਦੀ ਪ੍ਰੀਖਿਆ ਪਾਸ ਕਰਨ ਦੀ ਲੋੜ ਨਹੀਂ ਹੋਵੇਗੀ;
   (4) ਹਰ ਇੱਕ ਬੱਚੇ ਨੂੰ ਜਿਸ ਨੇ ਮੁੱਢਲੀ ਸਿੱਖਿਆ ਪ੍ਰਾਪਤ ਕਰ ਲਈ ਹੈ, ਨੂੰ ਨਿਯਮ 25 ਦਿੱਤੇ ਅਨੁਸਾਰ ਪ੍ਰਮਾਣਪੱਤਰ ਦਿੱਤਾ ਜਾਵੇਗਾ;
   (5) ਐਕਟ ਦੇ ਉਪਬੰਧਾਂ ਅਨੁਸਾਰ ਵਿਸ਼ੇਸ਼ ਜ਼ਰੂਰਤਾਂ ਵਾਲੇ ਵਿਦਿਆਰਥੀਆਂ ਦੀ ਸਮੂਲਿਅਤ ;
   (6) ਅਧਿਆਪਕਾਂ ਲਈ ਇਹ ਜ਼ਰੂਰੀ ਹੈ ਕਿ ਉਹ ਧਾਰ੍ਹਾ 23(1) ਅਧੀਨ ਦਿੱਤੀਆਂ ਘੱਟੋ-ਘੱਟ ਵਿੱਦਿਅਕ ਯੋਗਤਾਵਾਂ ਪੂਰੀਆਂ ਕਰਦੇ ਹੋਣ । ਪਰੰਤੂ ਅੱਗੇ ਸ਼ਰਤ ਇਹ ਹੈ ਕਿ ਮੌਜੂਦਾ ਅਧਿਆਪਕ ਜੋ ਇਸ ਐਕਟ ਤੇ ਲਾਗੂ ਹੋਣ ਸਮੇਂ ਘੱਟੋ-ਘੱਟ ਵਿੱਦਿਅਕ ਯੋਗਤਾਵਾਂ ਪ੍ਰਾਪਤ ਕਰਨਗੇ;।
   (7) ਅਧਿਆਪਕ ਐਕਟ ਦੀ ਧਾਰ੍ਹਾ 24(1)ਅਧੀਨ ਦਰਸਾਈਆਂ ਜਿੰਮੇਵਾਰੀਆ ਪੂਰੀਆਂ ਕਰਦੇ ਹਨ;
   (8) ਅਧਿਆਪਕ ਆਪਣੇ ਆਪ ਨੂੰ ਪ੍ਰਾਈਵੇਟ ਟਿਊਸ਼ਨਾ ਵਿੱਚ ਮਸ਼ਰੂਫ ਨਹੀਂ ਰੱਖਣਗੇ।
7. ਸਕੂਲ ਪੜ੍ਹਾਈ ਦੇ ਵਿਸ਼ਿਆ ਦੇ ਆਧਾਰ ਤੇ ਉਚਿਤ ਅਥਾਰਟੀ ਦੁਆਰਾ ਨਿਰਧਾਰਤ ਕੀਤੇ ਸਿਲੇਬਸ ਦੀ ਪੈਰਵੀ ਕਰਨਗੇ।
. ਸਕੂਲ ਦੇ ਇਸੇ ਨਾਂ ਤੇ ਸਕੂਲ ਦੀ ਇਮਾਰਤ ਅੰਦਰ ਜਾਂ ਇਸ ਦੇ ਬਾਹਰ ਕੋਈ ਵੀ ਗੈਰ ਮਾਨਤਾ ਪ੍ਰਾਪਤ ਜਮਾਤ ਨਹੀਂ ਚਲਾਈ ਜਾਵੇਗੀ।
9. ਸਕੂਲ ਦੀ ਇਮਾਰਤ ਜਾਂ ਹੋਰ ਢਾਂਚਾ ਜਾਂ ਮੈਦਾਨ ਕੇਵਲ ਪੜਾਈ ਅਤੇ ਯੋਗਤਾ ਵਿਕਾਸ ਲਈ ਹੀ ਵਰਤੇ ਜਾਣ ਗੇ।
10. ਸਕੂਲ ਸੁਸਾਇਟੀ ਰਜਿਸਟਰੇਸ਼ਨ ਐਕਟ,1860(1860 ਦਾ 21) ਅਧੀਨ ਰਜਿਸਟਰ ਕੀਤੀ ਸੁਸਾਇਟੀ ਦੁਆਰਾ ਜਾਂ ਸਮੇਂ ਸਮੇਂ ਦੇ ਲਾਗੂ ਕਿਸੇ ਕਾਨੂੰਨ ਅਧੀਨ ਸਿਰਜੇ ਗਏ ਟੱਰਸਟ ਦੁਆਰਾ ਚਲਾਇਆ ਜਾ ਰਿਹਾ ਹੈ।
11. ਸਕੂਲ ਕਿਸੇ ਨਿੱਜੀ ਸਮੂਹ ਜਾਂ ਵਿਅਕਤੀਆਂ ਦੇ ਸਮੂਹਾਂ ਜਾਂ ਕਿਸੇ ਹੋਰ ਵਿਅਕਤੀ ਦੇ ਲਾਭ ਲਈ ਨਹੀਂ ਚਲਾਇਆ ਜਾ ਰਿਹਾ।
12. ਲੇਖੇ ਕਿਸੇ ਪ੍ਰਮਾਣਿਤ ਚਾਰਟਿਡ ਲੇਖਾਕਾਰ ਦੁਆਰਾ ਆਡਿਟ ਕੀਤਾ ਜਾਣਾ ਚਾਹਿਦਾ ਹੈ ਅਤੇ ਨਿਯਮਾਂ ਅਨੁਸਾਰ ਲੇਖਿਆਂ ਦੀ ਸਟੇਟਮੈਂਟ ਤਿਆਰ ਕੀਤੀ ਜਾਵੇਗੀ।ਹਰ ਲੇਖਾ ਸਾਰਣੀ ਦੀ ਇੱਕ ਕਾਪੀ ਹਰ ਸਾਲ ਜ਼ਿਲ੍ਹਾ ਸਿੱਖਿਆ ਅਧਿਕਾਰੀ(ਐ.ਸਿ.) ਨੂੰ ਭੇਜੀ ਜਾਵੇਗੀ।
13. ਆਪ ਦੇ ਸਕੂਲ ਦਾ ਮਾਨਤਾ ਪ੍ਰਾਪਤ ਕੋਡ ਨੰ <u>RTE-484</u> ਹੈ।ਇਸ ਨੂੰ ਨੋਟ ਕਰ ਲਿਆ ਜਾਵੇ ਅਤੇ ਇਸ ਦਫਤਰ ਨਾਲ ਪੱਤਰ ਵਿਹਾਰ ਕਰਦੇ ਸਮੇਂ ਇਹ ਦਰਜ਼ ਕੀਤਾ ਜਾਵੇ।
14. ਸਕੂਲ ਜ਼ਿਲ੍ਹਾ ਸਿੱਖਿਆ ਅਧਿਕਾਰੀ ਦੁਆਰਾ ਸਮੇਂ ਸਮੇਂ ਸਿਰ ਮੰਗੀ ਗਈ ਸੂਚਨਾ ਪੇਸ਼ ਕਰੇਗਾ ਅਤੇ ਉੱਚਿਤ ਅਥਾਰਟੀ ਜਾਂ ਜ਼ਿਲ੍ਹਾ ਸਿੱਖਿਆ ਅਧਿਕਾਰੀ ਦੁਆਰਾ ਹਦਾਇਤਾਂ ਜੋ ਮਾਨਤਾ ਪ੍ਰਾਪਤੀ ਦੀਆਂ ਸ਼ਰਤਾਂ ਪੂਰੀਆਂ ਕਰਨ ਜਾਂ ਸਕੂਲਾਂ ਦੇ ਕੰਮ ਕਾਜ਼ ਵਿੱਚ ਕਮੀਆਂ ਨੂੰ ਦੂਰ ਕਰਨ ਲਈ ਜਾਰੀ ਕੀਤੀਆਂ ਜਾਣਗੀਆਂ ਦੀ ਪਾਲਣਾ ਕਰੇਗਾ।
15. ਸੰਸਥਾ ਦੀ ਰਜਿਸਟਰੇਸ਼ਨ ਦਾ ਨਵੀਨੀਕਰਨ ਜੇਕਰ ਕੋਈ ਜ਼ਰੂਰੀ ਹੋਵੇ, ਕਰਵਾਉਣਾ ਯਕੀਨੀ ਬਣਾਇਆ ਜਾਵੇ।
16. ਸਕੂਲ ਐਕਟ ਦੀ ਧਾਰ੍ਹਾ 19 ਵਿੱਚ ਨਿਰਧਾਰਤ ਸ਼ਰਤਾਂ ਅਤੇ ਮਿਆਰਾਂ ਦੀ ਪਾਲਣਾ ਕਰੇਗਾ।

ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ.)
ਹੁਸ਼ਿਆਰਪੁਰ

PRINCIPAL
KING EDWARD PUBLIC SCHOOL
TUTO MAZARA (Hoshiarpur)

Chairman
King Edward Public School
Tuto Mazara (Hoshiarpur)